# ਹਰ ਜੀ ਆਏ

ਹਰਿ ਜੀ ਆਏ
==========
ਵਾਰਾਂ ਭਾਈ ਗੁਰਦਾਸ :
ਵਾਰ ੧੦ ਪਉੜੀ ੯

ਹਰਿ ਜੀ ਆਏ, ਹਰਿ ਜੀ ਆਏ ॥
ਛਡਿ ਸਿੰਘਾਸਣੁ, ਹਰਿ ਜੀ ਆਏ ॥
ਦੂਰਹੁੰ ਦੇਖਿ*, ਡੰਡਉਤ ਕਰਿ ॥
ਛਡਿ ਸਿੰਘਾਸਣੁ, ਹਰਿ ਜੀ ਆਏ ॥
ਹਰਿ ਜੀ ਆਏ,,,,,,,,,,,,,,,,

ਬਿਪ ਸੁਦਾਮਾ, ਦਾਲਿਦੀ,
ਬਾਲ ਸਖਾਈ, ਮਿਤ੍ਰ ਸਦਾਏ ॥
ਲਾਗੂ ਹੋਈ, ਬਾਮ੍ਹਣੀ,
ਮਿਲਿ ਜਗਦੀਸ, ਦਲਿਦ੍ਰ ਗਵਾਏ ॥
ਦੂਰਹੁੰ ਦੇਖਿ*, ਡੰਡਉਤ ਕਰਿ ॥
ਛਡਿ ਸਿੰਘਾਸਣੁ, ਹਰਿ ਜੀ ਆਏ ॥
ਹਰਿ ਜੀ ਆਏ,,,,,,,,,,,,,,,,

ਚਲਿਆ ਗਣਦਾ, ਗਟੀਆਂ,
ਕਿਉ ਕਰਿ ਜਾਈਐ, ਕਉਣੁ ਮਿਲਾਏ ॥
ਪਹੁਤਾ ਨਗਰਿ, ਦੁਆਰਕਾ,
ਸਿੰਘਿ ਦੁਆਰਿ, ਖਲੋਤਾ ਜਾਏ ॥
ਦੂਰਹੁੰ ਦੇਖਿ*, ਡੰਡਉਤ ਕਰਿ ॥
ਛਡਿ ਸਿੰਘਾਸਣੁ, ਹਰਿ ਜੀ ਆਏ ॥
ਹਰਿ ਜੀ ਆਏ,,,,,,,,,,,,,,,,

ਪਹਿਲੇ ਦੇ, ਪਰਦਖਣਾ,
ਪੈਰੀ ਪੈ ਕੈ, ਲੈ ਗਲਿ ਲਾਏ ॥
ਚਰਣੋਦਕੁ ਲੈ, ਪੈਰ ਧੋਇ,
ਸਿੰਘਾਸਣੁ, ਉਤੇ ਬੈਠਾਏ ॥
ਦੂਰਹੁੰ ਦੇਖਿ*, ਡੰਡਉਤ ਕਰਿ ॥
ਛਡਿ ਸਿੰਘਾਸਣੁ, ਹਰਿ ਜੀ ਆਏ ॥
ਹਰਿ ਜੀ ਆਏ,,,,,,,,,,,,,,,,

ਪੁਛੇ ਕੁਸਲੁ, ਪਿਆਰੁ ਕਰਿ,
ਗੁਰ ਸੇਵਾ ਦੀ, ਕਥਾ ਸੁਣਾਏ ॥
ਲੈ ਕੈ ਤੰਦੁਲ, ਚਬਿਓਨੁ,
ਵਿਦਾ ਕਰੇ, ਅਗੈ ਪਹੁਚਾਏ ॥
ਚਾਰਿ ਪਦਾਰਥ*, ਸਕੁਚਿ ਪਠਾਏ, x॥
ਹਰਿ ਜੀ ਆਏ,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/28561/title/har-ji-aaye

अपने Android मोबाइल पर BhajanGanga App डाउनलोड करें और भजनों का आनंद ले |